# ਯੈਲੋ ਫੀਵਰ (ਪੀਲਾ ਬੁਖਾਰ) ਵੈਕਸੀਨ

## Yellow fever vaccine

ਜੇਕਰ ਤੁਸੀਂ ਕੁਝ ਦੇਸ਼ਾਂ ਵਿੱਚ ਯਾਤਰਾ ਕਰਦੇ ਹੋ ਜਾਂ ਕੰਮ ਕਰਦੇ ਹੋ ਤਾਂ ਟ੍ਰੈਵਲ ਵੈਕਸੀਨਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਯਾਤਰਾ ਕਰਨ ਤੋਂ ਘੱਟੋ-ਘੱਟ 6 ਤੋਂ 8 ਹਫ਼ਤੇ ਪਹਿਲਾਂ ਕਿਸੇ ਪਬਲਿਕ ਹੈਲਥ ਯੂਨਿਟ, ਟ੍ਰੈਵਲ ਕਲੀਨਿਕ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਆਪਣੀਆਂ ਯਾਤਰਾ ਯੋਜਨਾਵਾਂ ਬਾਰੇ ਚਰਚਾ ਕਰੋ।

ਜ਼ਿਆਦਾਤਰ ਟ੍ਰੈਵਲ ਵੈਕਸੀਨਾਂ ਸੂਬਾਈ ਮੈਡੀਕਲ ਸਰਵਿਸਿਜ਼ ਪਲਾਨ (MSP) ਦੁਆਰਾ ਕਵਰ ਨਹੀਂ ਕੀਤੀਆਂ ਜਾਂਦੀਆਂ ਹਨ, ਇਸ ਲਈ ਕੀਮਤ ਦਾ ਪਤਾ ਲਗਾਉਣ ਲਈ ਆਪਣੇ ਸਥਾਨਕ ਟ੍ਰੈਵਲ ਕਲੀਨਿਕ ਨਾਲ ਸੰਪਰਕ ਕਰੋ।

ਆਪਣੇ ਟੀਕਾਕਰਨ ਰਿਕਾਰਡਾਂ ਦੀ ਇੱਕ ਕਾਪੀ ਟ੍ਰੈਵਲ ਕਲੀਨਿਕ ਵਿੱਚ ਲੈ ਕੇ ਆਓ। ਤੁਹਾਨੂੰ ਮਿਲਣ ਵਾਲੀਆਂ ਸਾਰੀਆਂ ਟ੍ਰੈਵਲ ਵੈਕਸੀਨਾਂ ਦਾ ਰਿਕਾਰਡ ਰੱਖੋ ਅਤੇ ਉਸ ਨੂੰ ਆਪਣੀ ਯਾਤਰਾ 'ਤੇ ਆਪਣੇ ਨਾਲ ਲੈਕੇ ਜਾਓ।

### ਯੈਲੋ ਫੀਵਰ (ਪੀਲਾ ਬੁਖਾਰ) ਵੈਕਸੀਨ ਕੀ ਹੈ?

ਯੈਲੋ ਫੀਵਰ ਵੈਕਸੀਨ, ਪੀਲਾ ਬੁਖਾਰ ਵਾਇਰਸ ਤੋਂ ਬਚਾਅ ਵਿੱਚ ਮਦਦ ਕਰਦੀ ਹੈ। ਪੀਲਾ ਬੁਖਾਰ ਇੱਕ ਵਾਇਰਲ ਬਿਮਾਰੀ ਹੈ ਜੋ ਸੰਕਰਮਿਤ ਮੱਛਰਾਂ ਦੁਆਰਾ ਫੈਲਦੀ ਹੈ। ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

### ਵੈਕਸੀਨ ਕਿਸਨੂੰ ਲਗਵਾਉਣੀ ਚਾਹੀਦੀ ਹੈ?

ਜੇਕਰ ਤੁਸੀਂ ਅਫਰੀਕਾ ਜਾਂ ਮੱਧ ਅਤੇ ਦੱਖਣੀ ਅਮਰੀਕਾ ਦੇ ਗਰਮ ਖੰਡੀ ਖੇਤਰਾਂ ਵਿੱਚ ਯਾਤਰਾ ਕਰ ਰਹੇ ਹੋ ਜਾਂ ਕੰਮ ਕਰ ਰਹੇ ਹੋ, ਤਾਂ ਤੁਹਾਨੂੰ ਵੈਕਸੀਨ ਲਗਵਾਉਣ ਦੀ ਲੋੜ ਹੋ ਸਕਦੀ ਹੈ। ਵਧੇਰੇ ਜਾਣਕਾਰੀ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਜਾਂ ਟ੍ਰੈਵਲ ਕਲੀਨਿਕ ਨਾਲ ਗੱਲ ਕਰੋ।

ਬੀ.ਸੀ. ਵਿੱਚ ਯੈਲੋ ਫੀਵਰ ਟੀਕਾਕਰਨ ਸੈਂਟਰਾਂ ਦੀ ਸੂਚੀ ਲਈ, ਪਬਲਿਕ ਹੈਲਥ ਏਜੰਸੀ ਔਫ ਕੈਨੇਡਾ:www.canada.ca/en/public-health/services/travel-health/yellow-fever/vaccination-centres-canada-british-columbia.html 'ਤੇ ਜਾਓ।

ਇਸ ਵੈਕਸੀਨ ਦੀ ਸਿਫਾਰਸ਼ ਉਨ੍ਹਾਂ ਕਾਮਿਆਂ ਲਈ ਕੀਤੀ ਜਾਂਦੀ ਹੈ ਜੋ ਨਿਯਮਿਤ ਤੌਰ 'ਤੇ ਪੀਲੇ ਬੁਖਾਰ ਦੇ ਵਾਇਰਸ ਦੇ ਸੰਪਰਕ ਵਿੱਚ ਆਉਂਦੇ ਹਨ। ਇਸ ਵਿੱਚ ਖੋਜਕਰਤਾ ਅਤੇ ਪ੍ਰਯੋਗਸ਼ਾਲਾ ਕਰਮਚਾਰੀ ਸ਼ਾਮਲ ਹਨ।

ਬਾਲਗ ਅਤੇ 9 ਮਹੀਨੇ ਅਤੇ ਉਸ ਤੋਂ ਵੱਧ ਉਮਰ ਦੇ ਬੱਚੇ ਇਹ ਵੈਕਸੀਨ, ਜੋ ਕਿ ਇੱਕ ਖੁਰਾਕ ਜਾਂ ਟੀਕੇ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ, ਪ੍ਰਾਪਤ ਕਰ ਸਕਦੇ ਹਨ।

ਇਹ ਵੈਕਸੀਨ ਟੀਕਾਕਰਨ ਕੀਤੇ ਗਏ 99 ਪ੍ਰਤੀਸ਼ਤ ਤੋਂ ਵੱਧ ਲੋਕਾਂ ਲਈ 30 ਦਿਨਾਂ ਦੇ ਅੰਦਰ ਪ੍ਰਭਾਵਸ਼ਾਲੀ ਪ੍ਰਤੀਰੋਧਕ ਸ਼ਕਤੀ ਪ੍ਰਦਾਨ ਕਰਦੀ ਹੈ। ਇਸ ਸਮੇਂ ਤੋਂ ਪਹਿਲਾਂ ਪ੍ਰਭਾਵਿਤ ਖੇਤਰਾਂ ਦੀ ਯਾਤਰਾ ਨਾ ਕਰੋ। ਪੀਲੇ ਬੁਖਾਰ ਦੇ ਵਿਰੁੱਧ ਜੀਵਨ ਭਰ ਪ੍ਰਤੀਰੋਧਕ ਸ਼ਕਤੀ ਬਣਾਉਣ ਲਈ ਇੱਕ ਖੁਰਾਕ ਕਾਫ਼ੀ ਹੈ। ਵੈਕਸੀਨ ਦੀ ਬੂਸਟਰ ਖੁਰਾਕ ਦੀ ਲੋੜ ਨਹੀਂ ਹੈ।

ਵੈਕਸੀਨ ਲਗਵਾਉਣ ਤੋਂ ਬਾਅਦ, ਤੁਹਾਨੂੰ ਇੱਕ ਮੋਹਰ ਵਾਲਾ ਦਸਤਾਵੇਜ਼ ਮਿਲੇਗਾ ਜਿਸਨੂੰ ਟੀਕਾਕਰਨ ਜਾਂ ਪ੍ਰੋਫਾਈਲੈਕਸਿਸ ਦਾ ਅੰਤਰਰਾਸ਼ਟਰੀ ਸਰਟੀਫਿਕੇਟ (International Certificate of Vaccination or Prophylaxis) ਕਿਹਾ ਜਾਂਦਾ ਹੈ। ਇਹ ਦਸਤਾਵੇਜ਼ ਇੱਕ ਅਧਿਕਾਰਤ ਰਿਕਾਰਡ ਹੈ ਅਤੇ ਕੁਝ ਦੇਸ਼ਾਂ ਵਿੱਚ ਪ੍ਰਵੇਸ਼ ਲਈ ਕਾਨੂੰਨੀ ਲੋੜ ਹੈ। ਜੇਕਰ ਤੁਸੀਂ ਕਿਸੇ ਡਾਕਟਰੀ ਕਾਰਨ ਕਰਕੇ ਯੈਲੋ ਫੀਵਰ ਵੈਕਸੀਨ ਨਹੀਂ ਲੈ ਸਕਦੇ, ਤਾਂ ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਤੋਂ ਅਧਿਕਾਰਤ ਲੈਟਰਹੈੱਡ 'ਤੇ ਲਿਖਤੀ ਦਸਤਾਵੇਜ਼ ਜਾਂ ਕਿਸੇ ਟ੍ਰੈਵਲ ਕਲੀਨਿਕ ਤੋਂ ਟੀਕਾਕਰਨ ਲਈ ਮੈਡੀਕਲ ਨਿਰੋਧ ਦਾ ਸਰਟੀਫਿਕੇਟ (Certificate of Medical Contraindication to Vaccination) ਦੀ ਲੋੜ ਹੋਵੇਗੀ। ਪੱਤਰ ਜਾਂ ਸਰਟੀਫਿਕੇਟ ਵਿੱਚ ਡਾਕਟਰੀ ਕਾਰਨ ਦੱਸਿਆ ਜਾਣਾ ਚਾਹੀਦਾ ਹੈ ਕਿ ਵੈਕਸੀਨ ਕਿਉਂ ਨਹੀਂ ਦਿੱਤੀ ਜਾ ਸਕੀ।ਸਰਟੀਫਿਕੇਟ ਜਾਂ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਦੇ ਪੱਤਰ ਤੋਂ ਬਿਨਾਂ, ਤੁਹਾਨੂੰ ਉਸ ਦੇਸ਼ ਵਿੱਚ ਦਾਖਲ ਹੋਣ

ਤੋਂ ਇਨਕਾਰ ਕੀਤਾ ਜਾ ਸਕਦਾ ਹੈ ਜਿੱਥੇ ਤੁਸੀਂ ਜਾ ਰਹੇ ਹੋ ਜਾਂ ਦੇਸ਼ ਦੇ ਪ੍ਰਵੇਸ਼ ਬੰਦਰਗਾਹ 'ਤੇ ਵੈਕਸੀਨ ਲਗਾਈ ਜਾ ਸਕਦੀ ਹੈ।

## ਵੈਕਸੀਨ ਦੇ ਕੀ ਲਾਭ ਹਨ?

ਯੈਲੋ ਫੀਵਰ ਵੈਕਸੀਨ, ਪੀਲੇ ਬੁਖਾਰ ਦੇ ਵਾਇਰਸ, ਜੋ ਕਿ ਇੱਕ ਗੰਭੀਰ ਅਤੇ ਕਈ ਵਾਰ ਘਾਤਕ ਲਾਗ ਹੈ, ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਹੈ।

## ਵੈਕਸੀਨ ਦੇ ਬਾਅਦ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਪੀਲੇ ਬੁਖਾਰ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ। ਵੈਕਸੀਨ ਪ੍ਰਤੀ ਆਮ ਪ੍ਰਤੀਕਿਰਿਆਵਾਂ ਵਿੱਚ ਵੈਕਸੀਨ ਲਗਾਈ ਜਾਣ ਵਾਲੀ ਥਾਂ 'ਤੇ ਦਰਦ, ਲਾਲੀ ਅਤੇ ਸੋਜ ਸ਼ਾਮਲ ਹੋ ਸਕਦੀ ਹੈ। ਵੈਕਸੀਨ ਲਗਵਾਉਣ ਤੋਂ 5 ਤੋਂ 10 ਦਿਨਾਂ ਬਾਅਦ ਹਲਕਾ ਸਿਰ ਦਰਦ, ਹਲਕਾ ਬੁਖਾਰ, ਜਾਂ ਮਾਸਪੇਸ਼ੀਆਂ ਵਿੱਚ ਦਰਦ ਜੋ ਇੱਕ ਜਾਂ 2 ਦਿਨਾਂ ਤੱਕ ਰਹਿੰਦਾ ਹੈ, ਹੋ ਸਕਦਾ ਹੈ।

ਬੁਖਾਰ ਜਾਂ ਜਲਨ ਲਈ ਅਸੀਟਾਮੇਨੋਫੇਨ (acetaminophen) (ਉਦਾਹਰਣ ਲਈ ਟਾਇਲੇਨੋਲ (Tylenol®)) ਜਾਂ ਆਈਬਿਊਪ੍ਰੋਫੇਨ (ਬ੍ਰਿਪਰੋਡਣ*) (ਉਦਹਾਰਣ ਲਈ ਐਡਵਿਲ (Advil®)) ਦਿੱਤੀ ਜਾ ਸਕਦੀ ਹੈ। ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

*ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪਰੋਫ਼ੈਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ HealthLinkBC File #84 ਰੇਏ ਸਿੰਡਰੋਮ 'ਤੇ ਜਾਓ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਕਿਸਨੂੰ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ?

ਹੇਠ ਲਿਖੇ ਲੋਕਾਂ ਨੂੰ ਆਮ ਤੌਰ 'ਤੇ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ:

- 9 ਮਹੀਨਿਆਂ ਤੋਂ ਘੱਟ ਉਮਰ ਦੇ ਬੱਚੇ
- 60 ਸਾਲ ਜਾਂ ਉਸ ਤੋਂ ਵਧ ਉਮਰ ਦੇ ਲੋਕ
- ਥਾਈਮਸ ਬਿਮਾਰੀ ਜਾਂ ਵਿਕਾਰ ਦੇ ਇਤਿਹਾਸ ਵਾਲੇ ਲੋਕ, ਜਿਸ ਵਿੱਚ ਮਾਈਸਥੇਨੀਆ ਗ੍ਰੈਵਿਸ, ਥਾਈਮੋਮਾ, ਥਾਈਮੇਕਟੋਮੀ, ਜਾਂ ਡੀਜਾਰਜ ਸਿੰਡਰੋਮ ਸ਼ਾਮਲ ਹਨ। ਵੈਕਸੀਨ ਲਗਵਾਉਣ ਤੋਂ ਬਾਅਦ ਤੁਹਾਨੂੰ ਕਈ ਅੰਗ ਪ੍ਰਣਾਲੀਆਂ ਦੇ ਫੇਲ੍ਹ ਹੋਣ ਦਾ ਵੱਧ ਜੋਖਮ ਹੋ ਸਕਦਾ ਹੈ। ਜੋਖਮ ਦਾ ਆਕਾਰ ਇਸ ਵੇਲੇ ਗਿਆਤ ਨਹੀਂ ਹੈ।

ਜੇਕਰ ਯਾਤਰਾ ਤੋਂ ਬਚਿਆ ਨਹੀਂ ਜਾ ਸਕਦਾ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਯੈਲੋ ਫੀਵਰ ਵੈਕਸੀਨ ਦੇ ਫਾਇਦਿਆਂ ਬਨਾਮ ਜੋਖਮਾਂ ਬਾਰੇ ਚਰਚਾ ਕਰੋ। ਜੇਕਰ ਤੁਹਾਨੂੰ ਹੇਠ ਲਿਖੀਆਂ ਪ੍ਰਤੀਕ੍ਰਿਆਵਾਂ ਜਾਂ ਸਥਿਤੀਆਂ ਵਿੱਚੋਂ ਕੋਈ ਹੈ ਜਾਂ ਹੋਈ ਸੀ ਤਾਂ ਉਹਨਾਂ ਨਾਲ ਜਾਂ ਕਿਸੇ ਟ੍ਰੈਵਲ ਕਲੀਨਿਕ ਨਾਲ ਗੱਲ ਕਰੋ:

- ਯੈਲੋ ਫੀਵਰ ਵੈਕਸੀਨ ਦੀ ਪਹਿਲਾਂ ਦਿੱਤੀ ਗਈ ਖੁਰਾਕ ਜਾਂ ਜੇਲੇਟਿੰਨ ਸਮੇਤ ਵੈਕਸੀਨ ਦੇ ਕਿਸੇ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਪ੍ਰਤੀਕ੍ਰਿਆ; ਯੈਲੋ ਫੀਵਰ ਵੈਕਸੀਨ ਵਿੱਚ ਲੈਟੇਕਸ **ਨਹੀਂ ਹੁੰਦਾ**
- ਅੰਡਿਆਂ ਤੋਂ ਗੰਭੀਰ ਐਲਰਜੀ
- ਇਮਿਊਨ ਸਿਸਟਮ ਜੋ ਬਿਮਾਰੀ ਜਾਂ ਡਾਕਟਰੀ ਇਲਾਜ ਦੁਆਰਾ ਕਮਜ਼ੋਰ ਹੋ ਗਿਆ ਹੈ

- ਰੀਲੈਪਸਿੰਗ-ਰਿਮਿਟਿੰਗ ਮਲਟੀਪਲ ਸਕਲੇਰੋਸਿਸ (MS)। ਜੇਕਰ ਤੁਹਾਨੂੰ ਰੀਲੈਪਸਿੰਗ-ਰਿਮਿਟਿੰਗ MS ਹੈ ਤਾਂ ਯੈਲੋ ਫੀਵਰ ਵੈਕਸੀਨ MS ਦੇ ਦੁਬਾਰਾ ਹੋਣ ਦੇ ਜੋਖਮ ਨੂੰ ਵਧਾ ਸਕਦੀ ਹੈ
- ਲੱਛਣਾਂ ਵਾਲੇ HIV/AIDS ਜਾਂ ਹੋਰ ਕਾਰਨਾਂ ਕਰਕੇ ਗੰਭੀਰ ਇਮਊਨੋਡੇਫੀਸ਼ੈਂਸੀਜੇਕਰ ਤੁਸੀਂ ਗਰਭਵਤੀ ਹੋ ਜਾਂ ਦੁੱਧ ਚੁੰਘਾ ਰਹੇ ਹੋ, ਤਾਂ ਆਊਟਬ੍ਰੇਕ ਦੇ ਦੌਰਾਨ, ਜਦੋਂ ਲਾਗ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ, ਅਪਵਾਦ ਕੀਤੇ ਜਾ ਸਕਦੇ ਹਨ

## ਯੈਲੋ ਫੀਵਰ (ਪੀਲਾ ਬੁਖਾਰ) ਕੀ ਹੈ?

ਪੀਲਾ ਬੁਖਾਰ ਟੀਕਾਕਰਨ ਦੁਆਰਾ ਰੋਕਣ ਯੋਗ, ਅਜਿਹੇ ਸੰਕਰਮਿਤ ਮੱਛਰਾਂ ਦੁਆਰਾ ਫੈਲਣ ਵਾਲੀ ਵਾਇਰਲ ਬਿਮਾਰੀ ਹੈ ਜੋ ਅਫਰੀਕਾ, ਮੱਧ ਅਤੇ ਦੱਖਣੀ ਅਮਰੀਕਾ ਦੇ ਗਰਮ ਖੰਡੀ ਖੇਤਰਾਂ ਵਿੱਚ ਰਹਿੰਦੇ ਹਨ। ਕੈਨੇਡਾ ਵਿੱਚ ਇਹਵਾਇਰਸ ਮੱਛਰਾਂ ਦੁਆਰਾ ਨਹੀਂ ਫੈਲਦੀ। ਲੱਛਣ ਆਮ ਤੌਰ 'ਤੇ ਲਾਗ ਦੇ 3 ਤੋਂ 6 ਦਿਨਾਂ ਬਾਅਦ ਦਿਖਾਈ ਦਿੰਦੇ ਹਨ।

ਬਹੁਤ ਸਾਰੇ ਲੋਕਾਂ ਨੂੰ ਲੱਛਣਾਂ ਦਾ ਅਨੁਭਵ ਨਹੀਂ ਹੋਵੇਗੇ, ਪਰ ਆਮ ਲੱਛਣਾਂ ਵਿੱਚ ਬੁਖਾਰ, ਮਾਸਪੇਸ਼ੀਆਂ ਵਿੱਚ ਦਰਦ, ਸਿਰ ਦਰਦ, ਭੁੱਖ ਨਾ ਲੱਗਣਾ, ਅਤੇ ਮਤਲੀ ਜਾਂ ਉਲਟੀਆਂ ਸ਼ਾਮਲ ਹਨ। ਆਮ ਤੌਰ 'ਤੇ, ਲੱਛਣ 3 ਤੋਂ 4 ਦਿਨਾਂ ਦੇ ਅੰਦਰ ਠੀਕ ਹੋ ਜਾਂਦੇ ਹਨ।

ਹਾਲਾਂਕਿ, ਠੀਕ ਹੁੰਦਾ ਪ੍ਰਤੀਤ ਹੋਣ ਤੋਂ ਥੋੜ੍ਹੀ ਦੇਰ ਬਾਅਦ ਹੀ ਬਹੁਤ ਘੱਟ ਲੋਕਾਂ ਵਿੱਚ ਵਧੇਰੇ ਗੰਭੀਰ, ਜ਼ਹਿਰੀਲਾ ਪੜਾਅ ਵਿਕਸਤ ਹੋ ਸਕਦਾ ਹੈ। ਇਸ ਪੜਾਅ ਵਿੱਚ ਤੇਜ਼ ਬੁਖਾਰ, ਪੀਲੀਆ (ਚਮੜੀ ਅਤੇ ਅੱਖਾਂ ਦਾ ਪੀਲਾ ਹੋਣਾ), ਗੂੜ੍ਹੇ ਰੰਗ ਦਾ ਪਿਸ਼ਾਬ, ਪੇਟ ਦਰਦ, ਉਲਟੀਆਂ, ਅਤੇ ਸੰਭਾਵੀ ਤੌਰ 'ਤੇ ਜਾਨਲੇਵਾ ਖੂਨ ਵਹਿਣਾ ਸ਼ਾਮਲ ਹੁੰਦਾ ਹੈ। ਬਦਕਿਸਮਤੀ ਨਾਲ, ਇਸ ਜ਼ਹਿਰੀਲੇ ਪੜਾਅ ਵਿੱਚ ਦਾਖਲ ਹੋਣ ਵਾਲੇ ਲਗਭਗ ਅੱਧੇ ਲੋਕਾਂ ਦੀ 10 ਤੋਂ 14 ਦਿਨਾਂ ਦੇ ਅੰਦਰ ਮੌਤ ਹੋ ਜਾਂਦੀ ਹੈ।

ਮੱਛਰਾਂ ਨੂੰ ਕੱਟਣ ਤੋਂ ਰੋਕਣ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ, HealthLinkBC File #41f ਮਲੇਰੀਆ ਦਾ ਰੋਕਥਾਮ 'ਤੇ ਜਾਓ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਉਸ ਲਈ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ 'ਤੇ ਜਾਓ।